# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

## ਵਿਸ਼ੇਸ਼ ਲੋੜਾਂ ਵਾਲੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਸੈਲਫ ਸੈਂਟਰਾਂ ਵਿੱਚ ਹੀ ਹੋਵੇਗੀ

ਐੱਸ.ਏ.ਐੱਸ ਨਗਰ 8 ਮਾਰਚ (   ) ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਸਿਵਲ ਰਿੱਟ ਪਟੀਸ਼ਨ ਨੰਬਰ 22527 ਆਫ 2017 ਦੇ ਨਿਰਣੇ ਅਨੁਸਾਰ ਸਿੱਖਿਆ ਬੋਰਡ ਵੱਲੋਂ ਦਸਵੀਂ/ਬਾਰ੍ਹਵੀਂ ਪ੍ਰੀਖਿਆ ਮਾਰਚ-2018 (ਸਲਾਨਾ) ਅਧੀਨ ਵਿਸ਼ੇਸ਼ ਲੋੜਾਂ ਵਾਲੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਸੈਲਫ ਸੈਂਟਰਾਂ ਵਿੱਚ ਹੀ ਹੋਵੇਗੀ।

ਸਿੱਖਿਆ ਬੋਰਡ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਪੰਜਾਬ ਦੇ ਸਮੂਹ ਸਕੂਲ ਮੁੱਖੀਆਂ/ਪ੍ਰੀਖਿਆਰਥੀਆਂ ਨੂੰ ਸੂਚਿਤ ਕੀਤਾ ਹੈ ਕਿ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਮਾਰਚ-2018 (ਸਲਾਨਾ) ਅਧੀਨ ਵਿਸ਼ੇਸ਼ ਲੋੜਾਂ ਵਾਲੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਸੈਲਫ ਸੈਂਟਰ ਭਾਵ ਜਿਸ ਸਕੂਲ ਵਿਚ ਪ੍ਰੀਖਿਆਰਥੀ ਪੜ੍ਹਦਾ ਹੈ ਉਸੇ ਸਕੂਲ ਵਿਚ ਮਿਤੀ 09/03/2018 ਤੋਂ ਲਈ ਜਾਣੀ ਹੈ।

ਬੁਲਾਰੇ ਨੇ ਦੱਸਿਆ ਕਿ ਦਸਵੀਂ ਜਮਾਤ ਦੀ ਪ੍ਰੀਖਿਆ ਮਾਰਚ-2018 (ਸਲਾਨਾ) ਅਧੀਨ ਵਿਸ਼ੇਸ਼ ਲੋੜਾਂ ਵਾਲੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਸੈਲਫ ਸੈਂਟਰ ਭਾਵ ਜਿਸ ਸਕੂਲ ਵਿਚ ਪ੍ਰੀਖਿਆਰਥੀ ਪੜ੍ਹਦਾ ਹੈ ਉਸੇ ਸਕੂਲ ਵਿਚ ਮਿਤੀ 12/03/2018 ਤੋਂ ਲਈ ਜਾਣੀ ਹੈ।

ਬੁਲਾਰੇ ਨੇ ਇਸ ਸਬੰਧੀ ਹੋਰ ਜਾਣਕਾਰੀ ਦਿੱਤੀ ਕਿ ਸੈਲਫ ਸੈਂਟਰਾਂ ਵਿੱਚ ਪ੍ਰੀਖਿਆ ਕਰਵਾਉਣ ਉਪਰੰਤ ਸਬੰਧਤ ਸਕੂਲ ਹੀ ਇੱਕਤਰ ਕੇਂਦਰ ਵਿਚ ਉੱਤਰ ਪੱਤਰੀ ਜਮ੍ਹਾਂ ਕਰਵਾਏਗਾ । ਸਮੂਹ ਸਕੂਲ ਮੁੱਖੀਆਂ ਨੂੰ ਪ੍ਰਸ਼ਨ ਪੱਤਰ ਜ਼ਿਲ੍ਹਾ ਖੇਤਰੀ ਦਫਤਰਾਂ ਵਿਖੇ ਮੁਹੱਈਆ ਕਰਵਾਏ ਜਾਣਗੇ ਅਤੇ ਪ੍ਰੀਖਿਆ ਨਾਲ ਸਬੰਧਤ ਸਮੱਗਰੀ ਜਿਵੇਂ ਕਿ ਹਸਤਾਖਰ ਚਾਰਟ ਆਦਿ ਆਨਲਾਈਨ ਹੀ ਸਬੰਧਤ ਸਕੂਲਾਂ ਦੀ ਲਾੱਗ ਇਨ ਆਈ ਡੀ ਤੇ ਪਾ ਦਿੱਤੀ ਜਾਵੇਗੀ ।

ਬੁਲਾਰੇ ਨੇ ਅੱਗੇ ਜਾਣਕਾਰੀ ਦਿੱਤੀ ਕਿ ਵਿਸ਼ੇਸ਼ ਲੋੜਾਂ ਵਾਲੇ ਪ੍ਰੀਖਿਆਰਥੀ ਆਪਣੀ ਸੁਵਿਧਾ ਅਨੁਸਾਰ ਪੁਰਾਣੇ ਜਾਂ ਨਵੇਂ ਪ੍ਰੀਖਿਆ ਕੇਂਦਰ ਵਿਚ ਪ੍ਰੀਖਿਆ ਦੇ ਸਕਦਾ ਹੈ ਪ੍ਰੰਤੂ ਇਸ ਸਬੰਧੀ ਦਫਤਰ ਨੂੰ ਸੂਚਿਤ ਕਰਨਾ ਜ਼ਰੂਰੀ ਹੋਵੇਗਾ ।

ਮਿਤੀ:-08-03-2018

ਕੋਮਲ ਸਿੰਘ
ਲੋਕ ਸੰਪਰਕ ਦਫ਼ਤਰ
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner